**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ.),ਪੰਜਾਬ ਐਸ.ਏ.ਐਸ. ਨਗਰ।**
**(ਅਮਲਾ-2 ਸਾਖਾ)**

---

**ਵੱਲ**

**ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ:) ਪੰਜਾਬ।**

**ਮੀਮੋ ਨੰ: 15/819-2014 ਅਮਲਾ-2(4,8)**
**ਮਿਤੀ, ਐਸ.ਏ.ਐਸ.ਨਗਰ: 8/9/2014**

**ਵਿਸ਼ਾ:** **ਜੇ.ਬੀ.ਟੀ. / ਈ.ਟੀ.ਟੀ. ਤੋਂ ਮਾਸਟਰ ਕਾਡਰ ਅਤੇ ਸੀ.ਐਡ. ਵੀ. ਕਾਡਰ ਤੋਂ ਮਾਸਟਰ ਕਾਡਰ ਵਿੱਚ ਪਦ-ਉਨਤ ਹੋਏ ਅਧਿਆਪਕਾਂ ਦੇ ਰੋਸਟਰ ਰਜਿਸਟਰ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਵਿਸ ਰੂਲਾਂ ਅਨੁਸਾਰ ਪਿਛਲੇ ਸਮੇਂ ਤੋਂ ਜੇ.ਬੀ.ਟੀ./ ਈ.ਟੀ.ਟੀ. ਤੋਂ ਮਾਸਟਰ ਕਾਡਰ ਅਤੇ ਸੀ.ਐਡ. ਵੀ. ਕਾਡਰ ਤੋਂ ਮਾਸਟਰ ਕਾਡਰ ਵਿੱਚ ਪਦ-ਉਨਤੀਆਂ ਨਿਰਧਾਰਤ ਕੋਟੇ ਅਨੁਸਾਰ ਕੀਤੀਆਂ ਜਾਂਦੀਆਂ ਰਹੀਆਂ ਹਨ, ਪ੍ਰੰਤੂ ਵਿਭਾਗ ਪਾਸ ਇਨ੍ਹਾਂ ਪਦ-ਉਨਤੀਆਂ ਸਬੰਧੀ ਰੋਸਟਰ ਰਜਿਸਟਰ ਉਪਲਭਧ ਨਹੀਂ ਹਨ।ਇਸ ਲਈ ਇਨ੍ਹਾਂ ਕਾਡਰਾਂ ਵਿੱਚ ਪਦ-ਉਨਤ ਹੋਏ ਅਤੇ ਇਸ ਸਮੇਂ ਵਿਭਾਗ ਵਿੱਚ ਕੰਮ ਕਰ ਰਹੇ ਡਾਟੇ ਅਨੁਸਾਰ ਨਵਾਂ ਰੋਸਟਰ ਰਜਿਸਟਰ ਤਿਆਰ ਕੀਤਾ ਗਿਆ ਹੈ। ਕਿਉਂ ਕਿ ਪਿਛਲੇ ਸਮੇਂ ਵਿੱਚ ਅਧਿਆਪਕਾਂ ਦੇ ਹੁਣ ਤੱਕ ਸੇਵਾ ਮੁੱਕਤ ਹੋਣ ਕਾਰਣ ਹੁਣ ਤੱਕ ਕੁੱਲ ਪਦ-ਉਨਤ ਹੋਏ ਅਧਿਆਪਕਾਂ ਦਾ ਰੋਸਟਰ ਰਜਿਸਟਰ ਤਿਆਰ ਕਰਨਾ ਸੰਭਵ ਨਹੀਂ। ਇਸ ਲਈ ਇਹ ਰਜਿਸਟਰ ਕੰਮ ਕਰ ਰਹੇ ਅਧਿਆਪਕਾਂ ਦਾ ਆਰਜੀ ਤੌਰ ਤੇ ਤਿਆਰ ਕੀਤਾ ਗਿਆ ਹੈ।ਜੋ ਕਿ ਸਰਵ ਸਿੱਖਿਆ ਅਭਿਆਨ ਦੀ ਵੈਬਸਾਈਟ www.ssapunjab.org ਤੇ ਉਪਲਬਧ ਹਨ ਸੋ ਇਹ ਰਜਿਸਟਰ ਸਾਰੇ ਅਧਿਆਪਕਾਂ ਦੀ ਸੂਚਨਾ ਲਈ ਜਨਤਕ ਕੀਤਾ ਜਾਂਦਾ ਹੈ। ਅਗਰ ਕਿਸੇ ਨੂੰ ਇਸ ਸਬੰਧੀ ਇਤਰਾਜ਼ ਹੋਵੇ ਤਾਂ ਉਹ **ਮਿਤੀ** 19.09.2014 **ਤੱਕ** ਆਪਣੇ ਇਤਰਾਜ਼ ਸਬੰਧਤ ਜਿਲ੍ਹਾ ਸਿੱਖਿਆ ਅਫਸਰਾਂ ਰਾਹੀਂ ਇਸ ਦਫਤਰ ਵਿਖੇ ਸੁਪਰਡੰਟ, ਅਮਲਾ-2 ਸ਼ਾਖਾ ਕੋਲ ਪੁਜਦਾ ਕਰ ਸਕਦੇ ਹਨ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।**